## ਅਧਿਆਇ-XII

ਸਬਸਿਡੀ ਪ੍ਰੋਗਰਾਮਾਂ ਨੂੰ ਲਾਗੂ ਕਰਨ ਦਾ ਤਰੀਕਾ, ਜਿਹਦੇ ਵਿੱਚ ਰਕਮ ਦੀ ਐਲੋਕੇਸ਼ਨ ਅਤੇ ਅਜਿਹੇ ਪ੍ਰੋਗਰਾਮਾਂ ਦੇ ਲਾਭਪਾਤਰਾਂ ਦਾ ਵੇਰਵਾ ਵੀ ਸ਼ਾਮਿਲ ਹੈ ।

1. ਸਵਰਨਜੈਯੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.)

ਸਵਰਨਜੈਯੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.) ਦਾ ਮੰਤਵ ਪੇਂਡੂ ਗਰੀਬਾਂ ਨੂੰ ਗੁਜਾਰੇ ਲਾਇਕ ਆਮਦਨ ਮੁਹੱਈਆ ਕਰਾਉਣਾ ਹੈ । ਇਸ ਪ੍ਰੋਗਰਾਮ ਦਾ ਮੰਤਵ ਪੇਂਡੂ ਗਰੀਬਾਂ ਦੀ ਸਮੱਰਥਾ ਦਾ ਇਸਤੇਮਾਲ ਕਰਦਿਆਂ ਹੋਇਆਂ ਪੇਂਡੂ ਇਲਾਕਿਆਂ ਵਿੱਚ ਵੱਡੀ/ਗਿਣਤੀ ਵਿੱਚ ਛੋਟੇ ਉਦੱਮ ਸਥਾਪਿਤ ਕਰਨਾ ਹੈ ।

2. ਇੰਦਰਾ ਆਵਾਸ ਯੋਜਨਾ (ਆਈ.ਏ.ਵਾਈ.)

ਇੰਦਰਾ ਆਵਾਸ ਯੋਜਨਾ ਦਾ ਮੰਤਵ ਮੁਢਲੇ ਤੌਰ ਤੇ ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ/ਬੰਦ-ਖਲਾਸ ਬੰਧੂਆਂ ਮਜ਼ਦੂਰਾਂ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਗ਼ੈਰ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਪੇਂਡੂ ਗਰੀਬਾਂ ਨੂੰ ਨਵੀਆਂ ਰਿਹਾਇਸ਼ੀ ਇਕਾਈਆਂ ਉਸਾਰਣ ਅਤੇ ਨਾਲ ਹੀ ਨਾਲ ਮੁਰੰਮਤ ਨਾ ਹੋਣ ਯੋਗ ਕੱਚੇ ਮਕਾਨਾਂ ਨੂੰ ਪੱਕੇ/ਅਰਧ ਪੱਕੇ ਮਕਾਨਾਂ ਵਿੱਚ ਤਬਦੀਲ ਕਰਨ ਵਿੱਚ ਮਦਦ ਕਰਨ ਲਈ ਗ੍ਰਾਂਟ-ਸਹਾਇਤਾ ਮੁਹੱਈਆ ਕਰਵਾ ਕੇ ਮਦਦ ਕਰਨਾ ਹੈ ।

3. ਸੰਯੁਕਤ ਬੰਜਰ ਜ਼ਮੀਨ ਵਿਕਾਸ ਪ੍ਰੋਗਰਾਮ (ਆਈ.ਡਬਲਯੂ.ਡੀ.ਪੀ.)

ਸੰਯੁਕਤ ਬੰਜਰ ਜ਼ਮੀਨ ਵਿਕਾਸ ਪ੍ਰਾਜੈਕਟ ਸਕੀਮ ਦੇ ਤਹਿਤ ਪਿੰਡ/ਮਾਈਕਰੋ ਵਾਟਰਸ਼ੈੱਡ ਆਧਾਰ ਉਤੇ ਗ਼ੈਰ-ਜੰਗਲਾਤੀ ਬੰਜਰ ਜ਼ਮੀਨ ਦਾ ਵਿਕਾਸ ਕਰਨ ਲਈ ਯਤਨ ਕੀਤਾ ਜਾਂਦਾ ਹੈ । ਇਹ ਸਕੀਮ ਬੰਜਰ ਜ਼ਮੀਨ ਵਿਕਾਸ ਪ੍ਰੋਗਰਾਮ ਵਿੱਚ ਲੋਕਾਂ ਦੀ ਭਾਗੀਦਾਰੀ ਵਧਾਉਣ ਤੋਂ ਇਲਾਵਾ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਵੀ ਮਦਦ ਕਰਦੀ ਹੈ ਜਿਸ ਨਾਲ ਲਾਭਾਂ ਦਾ ਹਿੱਸਾ ਵੰਡਾਉਣ ਅਤੇ ਬਰਕਰਾਰ ਰਹਿਣਯੋਗ ਵਿਕਾਸ ਵਿੱਚ ਬਰਾਬਰ ਦੀ ਹਿੱਸੇਦਾਰੀ ਹੁੰਦੀ ਹੈ ।

4. ਪੇਂਡੂ ਰੋਜ਼ਗਾਰ ਗਰੰਟੀ ਸਕੀਮ 2005

ਭਾਰਤ ਸਰਕਾਰ ਨੇ ਸਤੰਬਰ, 2005 ਵਿੱਚ ਕੌਮੀ ਪੇਂਡੂ ਰੋਜ਼ਗਾਰ ਰਹਿੰਦੀ ਐਕਟ ਪਾਸ ਕੀਤਾ ਹੈ । ਐਕਟ ਦਾ ਮੰਤਵ ਹਰੇਕ ਉਸ ਘਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਹੱਥ ਨਾਲ ਕੀਤੇ ਜਾਣ ਵਾਲੇ ਕੰਮ ਕਰਨ ਲਈ ਸਵੈ-ਇੱਛਾ ਨਾਲ ਅੱਗੇ ਆਉਣ, ਵਾਸਤੇ ਘੱਟ ਤੋਂ ਘੱਟ 100 ਦਿਨ ਦੀ ਗਰੰਟੀ ਵਾਲਾ ਉਜਰਤੀ ਰੋਜ਼ਗਾਰ ਮੁਹੱਈਆ ਕਰਵਾ ਕੇ ਪੇਂਡੂ ਇਲਾਕਿਆਂ ਦੇ ਲੋਕਾਂ ਦੀ ਰੋਜ਼ੀ-ਰੋਟੀ ਦੀ ਸੁਰੱਖਿਆ ਵਿੱਚ ਵਾਧਾ ਕਰਨਾ ਹੈ ।

### ਸਵਰਨਜੈਯੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.)

ਪਾਤਰਤਾ :-ਇਸ ਪ੍ਰੋਗਰਾਮ ਵਿੱਚ ਪੇਂਡੂ ਇਲਾਕਿਆਂ ਦੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰ ਆਉਂਦੇ ਹਨ । ਇਹ ਟੀਚਾ (ਟਾਰਗੇਟ) ਗਰੁੱਪ ਦੇ ਵਿੱਚ 50% ਸਹਾਇਤਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਮੁਹੱਈਆ ਕੀਤਾ ਜਾਂਦਾ ਹੈ, 40% ਔਰਤਾਂ ਨੂੰ ਅਤੇ 3% ਅਪੰਗ ਵਿਅਕਤੀਆਂ ਨੂੰ ਮੁਹੱਈਆ ਕਰਵਾਇਆ ਜਾਵੇਗਾ ।

ਮੰਤਵ :-ਸਵਰਨਜੈਯੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.) ਦਾ ਮੰਤਵ ਪੇਂਡੂ ਗਰੀਬਾਂ ਨੂੰ ਗੁਜਾਰੇ ਲਾਇਕ ਆਮਦਨ ਮੁਹੱਈਆ ਕਰਵਾਉਣਾ ਹੈ । ਇਸ ਪ੍ਰੋਗਰਾਮ ਦਾ ਟੀਚਾ ਪੇਂਡੂ ਗਰੀਬਾਂ ਦੀ ਸਮੱਰਥਾ ਦਾ

ਇਸਤੇਮਾਲ ਕਰਦਿਆਂ ਹੋਇਆਂ ਪੇਂਡੂ ਇਲਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਛੋਟੇ ਉਦਮ (ਛੋਟੀਆਂ ਇਕਾਈਆਂ) ਸਥਾਪਿਤ ਕਰਨਾ ਹੈ ।

ਫੰਡ ਜੁਟਾਉਣਾ :-ਐਸ.ਜੀ.ਐਸ.ਵਾਈ. ਇਕ ਕੇਂਦਰੀ ਪ੍ਰਾਯੋਜਿਤ ਸਕੀਮ ਹੈ ਅਤੇ ਇਸ ਲਈ ਫੰਡ ਜੁਟਾਉਣ ਲਈ ਰਕਮ ਦਾ ਕੇਂਦਰੀ ਅਤੇ ਰਾਜ ਸਰਕਾਰ ਦੁਆਰਾ ਕ੍ਰਮਵਾਰ 75:25 ਦੇ ਅਨੁਪਾਤ ਵਿੱਚ ਹਿੱਸਾ ਵੰਡ ਕੀਤੀ ਜਾਂਦੀ ਹੈ ।

ਕਾਰਜ-ਜੁਗਤ (ਸਟ੍ਰੈਟਿਜੀ) :-ਐਸ.ਜੀ.ਐਸ.ਵਾਈ ਇਕ ਉਧਾਰ ਤੇ ਸਬਸਿਡੀ ਪ੍ਰੋਗਰਾਮ ਹੈ । ਇਹ ਸਵੈ-ਰੋਜ਼ਗਾਰ ਦੇ ਸਾਰੇ ਪਹਿਲੂਆਂ ਨੂੰ ਕਵਰ ਕਰਦਾ ਹੈ, ਜਿਵੇਂ ਕਿ ਗਰੀਬਾਂ ਨੂੰ ਸਵੈ ਸਹਾਇਤਾ ਗਰੁੱਪਾਂ ਵਿੱਚ ਸੰਗਠਿਤ ਕਰਨਾ, ਉਨ੍ਹਾਂ ਲਈ ਸਿਖਲਾਈ ਪ੍ਰੋਗਰਾਮ ਉਧਾਰ ਤਕਨਾਲੋਜੀ ਬੁਨਿਆਦੀ ਢਾਂਚਾ ਅਤੇ ਮੰਡੀਕਰਣ ਮੌਕੇ (ਸਥਾਨ) ਮੁਹੱਈਆ ਕਰਾਉਣਾ । ਇਥੋਂ ਤਕ ਕਿ ਮਹਿਲਾਂ ਮੈਂਬਰਾਂ ਨੂੰ ਵੀ ਹਰੇਕ ਸਵੈ-ਸਹਾਇਤਾ ਗਰੁੱਪ ਵਿੱਚ ਸ਼ਾਮਲ ਕਰਨ ਦੇ ਯਤਨ ਕੀਤੇ ਜਾਂਦੇ ਹਨ । ਐਸ.ਜੀ.ਐਸ.ਵਾਈ ਗਤੀਵਿਧੀਆਂ ਆਧਾਰਤ ਇੱਕਠ ਉਤੇ ਜੋਰ ਦਿੰਦੀ ਹੈ । ਹਰੇਕ ਬਲਾਕ ਲਈ ਸਬੰਧਤ ਪੰਚਾਇਤ ਸੰਮਤੀਆਂ ਦੀ ਪ੍ਰਵਾਨਗੀ ਨਾਲ ਚਾਰ/ਪੰਜ ਗਤੀਵਿਧੀਆਂ ਦੀ ਸ਼ਨਾਖਤ ਕੀਤੀ ਜਾਂਦੀ ਹੈ । ਗ੍ਰਾਮ ਸਭਾ ਬੀ.ਪੀ.ਐਲ. ਜਨ-ਗਣਨਾ ਦੇ ਮੁਤਾਬਿਕ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੀ ਸੂਚੀ ਨੂੰ ਪ੍ਰਮਾਣਿਤ ਕਰਦੀ ਹੈ ।

ਸਬਸਿਡੀ:- ਐਸ.ਜੀ.ਐਸ.ਵਾਈ ਅਧੀਨ ਸਬਸਿਡੀ ਪ੍ਰਾਜੈਕਟ ਲਾਗਤ ਦੀ 30% ਦੀ ਇਕਸਾਰ ਦਰ ਹੋਵੇਗੀ ਪ੍ਰੰਤੂ ਆਮ ਸ਼੍ਰੇਣੀ ਦੇ ਵਿਅਕਤੀਆਂ ਲਈ ਇਸ ਦੀ ਵੱਧ ਤੋਂ ਵੱਧ ਰਕਮ 7500/- ਰੁਪਏ ਹੋਵੇਗੀ । ਐਪਰ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਦੇ ਸਬੰਧ ਵਿੱਚ ਇਹ ਕ੍ਰਮਵਾਰ 50% ਅਤੇ 10,000 ਰੁਪਏ ਹੋਵੇਗੀ । ਸਵੈ-ਰੋਜ਼ਗਾਰੀਆਂ ਦੇ ਗਰੁੱਪਾਂ (ਐਸ.ਐਚ.ਜੀਜ਼) ਲਈ ਸਬਸਿਡੀ ਦੀ ਉਕਤ ਸਕੀਮ ਦੀ ਲਾਗਤ (ਖ਼ਰਚੇ) ਦੀ 50% ਹੋਵੇਗੀ, ਜਿਸ ਦੀ ਵੱਧ ਤੋਂ ਵੱਧ ਸੀਮਾਂ 1.25 ਲੱਖ ਰੁਪਏ ਹੋਵੇਗੀ । ਸਿੰਜਾਈ ਦੇ ਪ੍ਰਾਜੈਕਟਾਂ ਲਈ ਸਬਸਿਡੀ ਦੀ ਕੋਈ ਰਕਮ ਸਬੰਧੀ ਸੀਮਾਂ ਨਹੀਂ ਹੋਵੇਗੀ ਕਰਜ਼ਾ ਬੈਕਾਂ ਦੁਆਰਾ ਪ੍ਰਾਜੈਕਟ ਦੀ ਲਾਗਤ (ਖ਼ਰਚੇ) ਅਨੁਸਾਰ ਮੁੱਹਈਆ ਕਰਾਇਆ ਜਾਂਦਾ ਹੈ ।

------------

ਸਾਲ 2●●5-●6 ਦੌਰਾਨ ਕੀਤੀਆਂ ਗਈਆਂ ਪ੍ਰਾਪਤੀਆਂ (ਅਗਸਤ, 2●●5 ਤੱਕ)
(ਯੋਜਨਾ ਫੰਡ/ਸਕੀਮਾਂ)

| ਲੜੀ ਨੰ: | | ਮਦ/ਐਲੋਕੇਸ਼ਨ | | ਰੁਪਏ ਲੱਖਾਂ ਵਿੱਚ |
|---|---|---|---|---|
| 1. | | ਕੇਂਦਰ | .. | 571.●4 |
| | | ਰਾਜ | .. | 19●.34 |
| | | ਕੁੱਲ | .. | 761.38 |
| 2. | ਉਪਲਬੱਧ ਫੰਡ | | | |
| | i) | ਮੁੱਢਲਾ ਬਕਾਇਆ | .. | 11.57 |
| | ii) | ਨਿਮਨ ਪਾਸੋਂ ਪ੍ਰਾਪਤ ਕੀਤੇ ਫੰਡ | .. | 85/- |
| | | ਕੇਂਦਰ | .. | 273.51 |
| | | ਰਾਜ | .. | ●● |
| | iii) | ਫੁੱਟਕਲ ਪ੍ਰਾਪਤੀ | .. | 18.83 |
| | | ਕੁੱਲ ਉਪਲੱਭਧ ਫੰਡ | .. | 3●3.91 |
| 3. | ਖ਼ਰਚਾ | | .. | 238.72 (79%) |
| 4. | ਵਾਸਤਵਿਕ ਪ੍ਰਗਤੀ (ਐਸ.ਐਚ.ਜੀਜ਼) | | | |
| i) | ਸਾਲ ਦੌਂਰਾਨ ਬਣਾਏ ਗਏ ਐਸ.ਐਚ.ਜੀਜ਼ ਦੀ ਕੁੱਲ ਗਿਣਤੀ | | .. | 212 |
| ii) | ਸਾਲ ਦੌਂਰਾਨ ਉਨ੍ਹਾਂ ਐਸ. ਐਂਡ ਜੀਜ਼ ਦੀ ਗਿਣਤੀ, ਜਿਨਾਂ ਨੇ ਆਮਦਨ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਸ਼ੁਰੂ ਕੀਤੀਆਂ । | | .. | 114 |
| | ਮੈਂਬਰਸ਼ਿਪ | | .. | 1141 |
| 5. | ਉਨ੍ਹਾਂ ਸਵੈ-ਰੋਜ਼ਗਾਰੀਆਂ ਦੀ ਕੁੱਲ ਗਿਣਤੀ, ਜਿਨਾਂ ਨੇ ਐਸ.ਐਚ ਜੀਜ਼ ਅਤੇ ਵਿਅਕਤੀਗਤ ਸਵੈ ਰੋਜ਼ਗਾਰੀਆਂ ਦੀ ਦੋਹਾਂ ਦੀ ਸਹਾਇਤਾ ਕੀਤੀ | | | |
| | i) | ਕੁੱਲ ਲਾਭਪਾਤਰ, ਜਿਨ੍ਹਾਂ ਦੀ ਮਦਦ ਕੀਤੀ ਗਈ | .. | 2212 |
| | ii) | ਅਨੁਸੂਚਿਤ ਜਾਤੀ ਕੁੱਲ ਵਿਚੋਂ 5●% ਦਾ ਟੀਚਾ ਹੁੰਦੇ ਹੋਏ | .. | 1414 (64%) |
| | iii) | ਮਹਿਲਾਵਾਂ (ਕੁੱਲ ਦਾ 4●% ਟੀਚਾ ਹੋਵੇ ) | .. | 113●(51%) |
| | vi) | ਅੰਗਹੀਣ ਕੁੱਲ ਦਾ 3% ਦਾ ਟੀਚਾ ਹੁੰਦੇ ਹੋਏ | .. | 25(1%) |

ਮੁੱਖ ਗਤੀਵਿਧੀਆਂ :

ਡੇਅਰੀ ਸੂਰ ਪਾਲਣ, ਬੱਕਰੀ ਅਤੇ ਭੇਡ ਪਾਲਣਾ, ਹੱਥ ਖੱਡੀ, ਦਰੀਆਂ, ਖੇਸ ਗਲੀਚਾ (ਕਾਰਪੇਟ) ਬੁਣਾਈ ਫੁੱਟਬਾਲ ਬਣਾਉਣਾ, ਬਾਣ ਬਣਾਉਣਾ, ਵਰਕਸ਼ਾਪਾਂ ਵੈਲਡਿੰਗ ਲੁਹਾਰਾ ਕੰਮ ਖੇਤੀਬਾੜੀ ਸੇਵਾ ਕੇਂਦਰ ਸੀਤੇ ਸਿਲਾਏ ਕੱਪੜੇ (ਰੇਡੀਮੇਡ ਗਾਰਮੈਂਟਸ) ਛੋਟਾਂ ਕਾਰੋਬਾਰ, ਸੇਵਾਵਾਂ ਪ੍ਰਚੂਨ ਦੁਕਾਨਾਂ ਪਸ਼ੂਆਂ ਦੁਆਰਾ ਚਲਾਏ ਜਾਣ ਵਾਲੇ ਰੇੜੇ ਰਿਕਸ਼ਾ ਅਤੇ ਆਟੋ-ਰਿਕਸ਼ਾ ਆਦਿ ।

ਇੰਦਰਾ ਆਵਾਸ ਯੋਜਨਾ (ਆਈ.ਏ.ਵਾਈ.)

ਮੰਤਵ:- ਇੰਦਰਾ ਆਵਾਸ ਯੋਜਨਾ ਦਾ ਮੁੱਢਲਾ ਮੰਤਵ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਬੰਦ-ਖਲਾਸ ਬੰਧੂਆ ਮਜ਼ਦੂਰਾਂ ਤੇ ਇਸ ਦੇ ਨਾਲ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਗੈਰ ਅਨੁਸੂਚਿਤ ਜਾਤੀਆਂ/ ਅਨੁਸੂਚਿਤ ਕਬੀਲਿਆਂ ਦੇ ਪੇਂਡੂ ਗਰੀਬਾਂ ਨੂੰ ਸਹਾਇਤਾ ਗ੍ਰਾਂਟ ਮੁਹੱਈਆ ਕਰਵਾਕੇ ਉਨ੍ਹਾਂ ਦੀਆਂ ਨਵੀਆਂ ਰਿਹਾਇਸ਼ੀ ਇਕਾਈਆਂ ਉਸਾਰਨ ਅਤੇ ਨਾਲ ਹੀ ਨਾਲ ਗੈਰ ਸੇਵਾ ਯੋਗ ਕੱਚੇ ਮਕਾਨਾਂ ਨੂੰ ਪੱਕੇ/ਅਰਧ ਪੱਕੇ ਮਕਾਨਾਂ ਵਿੱਚ ਤਬਦੀਲ ਕਰਨ ਵਿੱਚ ਸਹਾਇਤਾ ਕਰਨਾ ਹੈ ।

ਪਾਤਰਤਾ ਅਤੇ ਸ਼ਨਾਖ਼ਤ :

1) ਇਸ ਸਕੀਮ ਅਧੀਨ ਮਕਾਨਾਂ ਲਈ ਟੀਚਾ ਗਰੁੱਪ ਪੇਂਡੂ ਇਲਾਕਿਆਂ ਵਿਚਲੇ ਅਨੁਸੂਚਿਤ ਜਾਤੀਆਂ / ਅਨੁਸੂਚਿਤ ਕਬੀਲਿਆਂ ਬੰਦ-ਖਲਾਸ ਬੰਧੂਆਂ ਮਜ਼ਦੂਰਾਂ ਅਤੇ ਗੈਰ-ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲੇ ਸ਼੍ਰੇਣੀਆਂ ਦੇ ਗਰੀਬੀ ਰੇਖਾ (ਬੀ.ਪੀ.ਐਲ.) ਤੋਂ ਹੇਠਾਂ ਰਹਿਣ ਵਾਲੇ ਪਰਿਵਾਰ ਸ਼ਾਮਲ ਹੋਣਗੇ ।

2) ਲਾਭਪਾਤਰਾਂ ਦੀ ਚੋਣ ਗ੍ਰਾਮ ਸਭਾ ਦੁਆਰਾ ਕੀਤੀ ਜਾਵੇਗੀ ।

3) ਰਿਹਾਇਸੀ ਇਕਾਈਆਂ ਦੀ ਅਲਾਟਮੈਂਟ ਲਾਭਪਾਤਰ ਪਰਿਵਾਰ ਦੀ ਮਹਿਲਾ ਮੈਂਬਰ ਦੇ ਨਾਮ ਉਤੇ ਕੀਤੀ ਜਾਵੇਗੀ । ਵਿਕਲਪੀ ਤੌਰ ਤੇ ਰਿਹਾਇਸ਼ੀ ਇਕਾਈ (ਮਕਾਨ) ਪਤੀ ਅਤੇ ਪਤਨੀ ਦੋਹਾਂ ਦੇ ਨਾਮ ਉਤੇ ਵੀ ਅਲਾਟ ਕੀਤੀ ਜਾ ਸਕਦੀ ਹੈ।

ਕਾਰਜ-ਜੁਗਤ :- ਮਕਾਨ ਦੀ ਉਸਾਰੀ ਲਈ ਪ੍ਰਤੀ ਇਕਾਈ 25000/- ਰੁਪਏ ਦੀ ਗ੍ਰਾਂਟ ਮੈਦਾਨੀ ਇਲਾਕਿਆਂ ਵਿੱਚ ਅਤੇ 27,500/- ਰੁਪਏ ਦੀ ਗ੍ਰਾਂਟ ਪਹਾੜੀ ਕਠਿਨਾਈ ਵਾਲੇ ਇਲਾਕਿਆਂ ਵਿੱਚ ਮੁਹੱਈਆ ਕਰਵਾਈ ਜਾਵੇਗੀ ਕੱਚੇ ਮਕਾਨਾਂ ਨੂੰ ਪੱਕੇ/ਅਰਧ ਪੱਕੇ ਮਕਾਨਾਂ ਵਿੱਚ ਤਬਦੀਲ ਕਰਨ ਲਈ 12,500/- ਦੀ ਰਕਮ ਮੁਹੱਈਆ ਕਰਵਾਈ ਜਾਵੇਗੀ । ਸਫਾਈ,ਪਖਾਨਾ ਧੂੰਆਂ ਰਹਿਤ ਚੁੱਲ੍ਹਾ ਰਿਹਾਇਸ਼ੀ ਇਕਾਈ (ਮਕਾਨ) ਦੇ ਅਟੁਟ ਹਿੱਸਾ ਹੋਵੇਗਾ ।

ਫੰਡ ਜੁਟਾਉਣਾ :-ਇੰਦਰਾ ਆਵਾਸ ਯੋਜਨਾ ਇਕ ਕੇਂਦਰੀ ਪ੍ਰਾਯੋਜਿਤ ਸਕੀਮ ਹੈ, ਜਿਸ ਲਈ ਭਾਰਤ ਸਰਕਾਰ ਤੇ ਰਾਜਾਂ ਵਿੱਚ ਕ੍ਰਮਵਾਰ 75:25 ਦੇ ਅਨੁਪਾਤ ਵਿੱਚ ਲਾਗਤ ਖਰਚੇ ਦੀ ਹਿੱਸੇਦਾਰੀ ਮੁਤਾਬਕ ਫੰਡ ਜੁਟਾਏ ਜਾਂਦੇ ਹਨ ।

ਸਾਲ 2005-06 ਦੌਰਾਨ ਇੰਦਰਾ ਆਵਾਸ ਯੋਜਨਾ (ਆਈ.ਏ.ਵਾਈ.) ਅਧੀਨ ਮੁੱਖ ਪ੍ਰਾਪਤੀਆਂ (ਅਗਸਤ, 2005 ਤਕ)

# ਯੋਜਨਾ ਸਕੀਮਾਂ

| ਲੜੀ ਨੰ: | ਮੱਦ/ ਐਲੋਕੇਸ਼ਨ | | ਰੁਪਏ ਲੱਖਾਂ ਵਿੱਚ |
|---|---|---|---|
| 1. | ਵਿੱਤੀ ਪ੍ਰਾਪਤੀਆਂ | | |
| 2. | ਕੇਂਦਰ | .. | 2●77-71 |
| | ਰਾਜ | .. | 692-55 |
| | ਕੁੱਲ | .. | 277●-26 |
| 3. | ਉਪਲੱਬਧ ਫ਼ੰਡ | | |
| | ਮੁੱਢਲਾ ਬਕਾਇਆ | .. | 46.98 |
| | ਨਿਮਨ ਪਾਸੋਂ ਪ੍ਰਾਪਤ ਕੀਤੇ ਫੰਡ | .. | - |
| | ਕੇਂਦਰ | .. | 1475.26 |
| | ਰਾਜ | .. | ●● |
| | ਉਪਲੱਬਧ ਕੁੱਲ ਫੰਡ | .. | 1522.24 |
| 4. | ਖ਼ਰਚਾ | .. | 464.8● (31%) |
| | ਵਾਸਤਵਿਕ ਪ੍ਰਗਤੀ (ਗਿਣਤੀ ਵਿੱਚ) | .. | - |
| 5. | ਉਸਾਰੇ ਗਏ/ ਅਪਗ੍ਰੇਡ ਕੀਤੇ ਗਏ ਮਕਾਨ | | |
| | ਅਨੁਸੂਚਿਤ ਜਾਤੀਆਂ | .. | 1284 |
| | ਹੋਰ | .. | 329 |
| | ਕੁੱਲ | .. | 1613 |
| | ਮਹਿਲਾਵਾਂ (ਕੁੱਲ ਵਿੱਚੋਂ) | .. | 1●23 |
| | ਅਪੰਗ ਵਿਅਕਤੀ (ਕੁੱਲ ਵਿੱਚੋਂ) | .. | 38 |

ਸੰਗਠਿਤ ਬੰਜਰ ਜਮੀਨ ਵਿਕਾਸ ਪ੍ਰਾਜੈਕਟ

ਮੰਤਵ:- ਸੰਗਠਿਤ ਬੰਜਰ ਜ਼ਮੀਨ ਵਿਕਾਸ ਪ੍ਰਾਜੈਕਟ ਸਕੀਮ ਅਧੀਨ ਪਿੰਡ/ਲਘੂ ਜਲ ਵਿਭਾਜਕ ਮਾਈਕਰੋਵਾਟਰ ਸ਼ੈਡ) ਆਧਾਰ ਉਤੇ ਗੈਰ ਜੰਗਲਾਤ ਬੰਜਰ ਜ਼ਮੀਨ ਦੇ ਵਿਕਾਸ ਦਾ ਜਤਨ ਕੀਤਾ ਜਾਂਦਾ ਹੈ । ਇਸ ਸਕੀਮ ਅਧੀਨ ਬੰਜਰ ਜ਼ਮੀਨ ਦੇ ਵਿਕਾਸ ਵਿੱਚ ਲੋਕਾਂ ਦੀ ਸ਼ਮੂਲੀਅਤ ਵਧਾਉਣ, ਜਿਸ ਨਾਲ ਲਾਭ ਅਤੇ ਬਰਕਰਾਰ ਰਹਿਣਯੋਗ ਵਿਕਾਸ ਦੀ ਬਰਾਬਰ ਵੰਡ ਹੁੰਦੀ ਹੈ, ਤੋਂ ਇਲਾਵਾਂ ਪੇਂਡੂ ਇਲਾਕਿਆਂ ਵਿੱਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਵੀ ਮਦਦ ਕੀਤੀ ਜਾਂਦੀ ਹੈ ।

ਘੇਰਾ:- ਸਾਰੇ ਇਲਾਕਿਆਂ ਦੇ ਇਕਸਾਰ ਵਿਕਾਸ ਲਈ ਜਲ ਵਿਭਾਜਕ (ਵਾਟਰਸ਼ੈੱਡ) ਵਿਕਾਸ, ਪਹੁੰਚ ਨੂੰ ਅਪਣਾਇਆ ਗਿਆ ਹੈ । ਇਸ ਸਕੀਮ ਨੂੰ ਲਾਗੂ ਕਰਨ ਲਈ ਵੀ ਇਸੇ ਪਹੁੰਚ ਨੂੰ ਅਪਣਾਇਆ ਗਿਆ ਹੈ । ਪਿੰਡ/ਲਘੂ ਜਲ ਵਿਭਾਜਨ ਯੋਜਨਾਵਾਂ ਦੇ ਆਧਾਰ ਉਤੇ ਸੰਗਠਿਤ ਬੰਜਰ ਜ਼ਮੀਨ ਵਿਕਾਸ ਯੋਜਨਾ ਦਾ ਕੰਮ ਸਥਾਨਕ ਸਮਰਥਾਵਾਂ, ਥਾਂ ਦੀ ਸਥਿਤੀ ਅਤੇ ਲੋਕਾਂ ਦੀਆਂ ਸਥਾਨਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਹੱਥ ਵਿੱਚ ਲਿਆ ਜਾਂਦਾ ਹੈ ।

ਕਾਰਜ ਜੁਗਤ :- ਪ੍ਰਾਜੈਕਟ ਖੇਤਰ ਦੇ ਆਲੇ ਦੁਆਲੇ ਜਾਂ ਉਸ ਵਿੱਚ ਰਹਿਣ ਵਾਲੇ ਵਰਤੋਂ ਗਰੁਪਾਂ ਦੁਆਰਾ ਕੀਤੇ ਗਏ ਫੈਸਲੇ ਅਨੁਸਾਰ ਇਸ ਸਕੀਮ ਅਧੀਨ ਹੱਥ ਵਿੱਚ ਲਏ ਮੁਖ ਕਾਰਜ ਹਨ:- ਭੋਂ ਅਤੇ ਨਮੀ ਸੰਭਾਲ ਵਣ ਆਰੋਪਣ ਅਤੇ ਖਾਦ ਦਾ ਵਿਕਾਸ ਬਾਗਵਾਨੀ/ਖੇਤੀ ਆਧਾਰਤ ਵਣ ਪਾਲਣ ਦਾ ਵਿਕਾਸ ਕੁਦਰਤੀ ਪੁਨਰ-ਸੁਰਜੀਤੀ ਨੂੰ ਉਤਸ਼ਾਹਿਤ ਕਰਨਾ, ਲੱਕੜੀ ਦਾ ਬਦਲ (ਵੁੱਡ ਸਬਸਟੀਚਿਊਟ) ਅਤੇ ਬਾਲਣ ਵਾਲੀ ਲਕੜੀ ਦੇ ਬਚਾਉ ਉਪਰਾਲੇ ਅਤੇ ਤਕਨਾਲੋਜੀ ਦਾ ਪ੍ਰਚਾਰ ।

ਪ੍ਰਾਜੈਕਟ ਦਾ ਪੇਸ਼ ਕੀਤਾ ਜਾਣਾ :- ਇਸ ਸਕੀਮ ਅਧੀਨ ਪ੍ਰਾਜੈਕਟ ਡੀ.ਆਰ ਡੀ.ਏ ਦੁਆਰਾ ਤਿਆਰ ਕੀਤੇ ਜਾਂਦੇ ਹਨ ਅਤੇ ਰਾਜ ਸਰਕਾਰ ਰਾਹੀਂ ਪ੍ਰਵਾਨਗੀ ਲਈ ਭਾਰਤ ਸਰਕਾਰ ਕੋਲ ਭੇਜੇ ਜਾਂਦੇ ਹਨ । ਇਸ ਸਕੀਮ ਅਧੀਨ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਗੈਰ-ਸਰਕਾਰੀ ਸੰਗਠਨ (ਐਨ.ਜੀ.ਓ) ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਜਾਂ ਸਕਦੀਆਂ ਹਨ ।

ਫੰਡ ਜੁਟਾਉਣਾ :- ਭਾਰਤ ਸਰਕਾਰ ਨੇ ਪ੍ਰਤੀ ਹੈਕਟੇਅਰ 6000/- ਰੁਪਏ ਦੀ ਇਕਾਈ ਲਾਗਤ ਨਿਯਤ ਕੀਤੀ ਹੈ ਜਿਸ ਵਿਚੋਂ 5500/- ਰੁਪਏ ਭਾਰਤ ਸਰਕਾਰ ਦੁਆਰਾ ਅਤੇ 500/- ਰੁਪਏ ਰਾਜ ਸਰਕਾਰ ਦੁਆਰਾ ਮੁੱਹਈਆ ਕਰਵਾਏ ਜਾਂਦੇ ਹਨ ।

ਸਾਲ 2001-02 ਦੌਰਾਨ, ਭਾਰਤ ਸਰਕਾਰ ਨੇ 798.46 ਲੱਖ ਰੁਪਏ ਦੀ ਰਕਮ ਵਾਲੇ 3 ਜ਼ਿਲਿਆਂ ਅਰਥਾਤ ਮੁਕਤਸਰ, ਗੁਰਦਾਸਪੁਰ ਅਤੇ ਰੋਪੜ ਲਈ ਪ੍ਰਾਜੈਕਟ ਮਨਜ਼ੂਰ ਕੀਤੇ ਸਨ ।

ਹੋਰ ਇਹ ਵੀ ਕਿ ਭਾਰਤ ਸਰਕਾਰ ਨੇ ਸਾਲ 2005-06 ਦੌਰਾਨ (ਅਗਸਤ, 2005 ਤੱਕ) 924.00 ਲੱਖ ਰੁਪਏ ਦੀ ਕੀਮਤ ਵਾਲੇ ਚਾਰ ਜ਼ਿਲ੍ਹਿਆਂ ਅਰਥਾਤ ਅੰਮ੍ਰਿਤਸਰ, ਹੁਸ਼ਿਆਰਪੁਰ ਮਾਨਸਾ ਅਤੇ ਸੰਗਰੂਰ ਪ੍ਰਾਜੈਕਟ ਮਨਜ਼ੂਰ ਕੀਤੇ ਸਨ ।

## ਆਈ. ਡਬਲਯੂ ਡੀ.ਪੀ. ਪ੍ਰਾਜੈਕਟਾਂ ਦੀਆਂ ਪ੍ਰਾਪਤੀਆਂ

| ਲੜੀ ਨੰ: | ਮੱਦ | | ਕੁਲ |
|---|---|---|---|
| 1. | ਸਾਲ 2●●4-●5 ਤੱਕ ਮਨਜ਼ੂਰ ਕੀਤੇ ਗਏ ਪ੍ਰਾਜੈਕਟਾਂ ਦਾ ਕੁੱਲ ਰਕਬਾ | .. | 37538 ਹੈਕਟੇਅਰ |
| 2. | ਪ੍ਰਾਜੈਕਟਾਂ ਦੀ ਕੁੱਲ ਲਾਗਤ (ਰੁਪਏ ਲੱਖਾਂ ਵਿੱਚ) | | |
| | ਕੇਂਦਰ ਦਾ ਹਿੱਸਾ | .. | 1578.92 |
| | ਰਾਜ ਦਾ ਹਿੱਸਾ | .. | 143.54 |
| | ਕੁੱਲ | .. | 1722.46 |
| 3. | ਉਪਲੱਬਧ ਕੁੱਲ ਫੰਡ/ਪ੍ਰਾਪਤ ਹੋਏ ਕੁੱਲ ਫੰਡ (ਰੁਪਏ ਲੱਖਾਂ ਵਿੱਚ) | | |
| | i) ਭਾਰਤ ਸਰਕਾਰ | .. | 361.53 |
| | ii) ਰਾਜ ਸਰਕਾਰ | .. | 14.84 |
| | iii) ਫੁੱਟਕਲ ਪ੍ਰਾਪਤੀਆਂ | .. | 5.59 |
| | ਕੁਲ | .. | 381.96 |
| 4. | ਖ਼ਰਚਾ (ਲੱਖਾਂ ਵਿੱਚ) | .. | 336.17 |
| | ਕਵਰ ਕੀਤਾ ਰਕਬਾ (ਹੈਕਟੇਅਰਾਂ ਵਿੱਚ) | .. | 776● |

ਚਾਲੂ ਸਾਲ ਯਾਨਿ ਕਿ 2●●5-●6 ਦੌਰਾਨ ਭਾਰਤ ਸਰਕਾਰ ਨੇ 1291-5● ਲੱਖ ਰੁਪਏ ਦੀ ਰਕਮ ਵਾਲੇ (ਇਹਦੇ ਵਿੱਚ ਰਾਜ ਸਰਕਾਰ ਦਾ ਹਿੱਸਾ 1●7-6● ਲੱਖ ਰੁਪਏ (8%) ਹੋਣਾ ਹਿਸਾਬ ਲਗਾਇਆ ਗਿਆ ਹੈ) ਚਾਰ ਜ਼ਿਲ੍ਹਿਆਂ ਅਰਥਾਤ ਗੁਰਦਾਸਪੁਰ, ਪਟਿਆਲਾ, ਨਵਾਂ ਸ਼ਹਿਰ ਅਤੇ ਫਿਰੋਜ਼ਪੁਰ ਲਈ ਪ੍ਰਾਜੈਕਟ ਮਨਜ਼ੂਰ ਕੀਤੇ ਹਨ ।

ਪੇਂਡੂ ਰੋਜ਼ਗਾਰ ਗਰੰਟੀ ਸਕੀਮ 2●●5

ਰਾਜ ਸਰਕਾਰ ਦੁਆਰਾ ਅਜੇ ਅੰਤਮ ਰੂਪ ਦਿੱਤਾ ਜਾਣਾ ਹੈ ।

ਐਸ.ਜੀ.ਐਸ. ਵਾਈ ਨਾਮਕ ਸਬਸਿਡੀ ਪ੍ਰੋਗਰਾਮ ਇਸ ਵਿਭਾਗ ਦੁਆਰਾ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ । ਇਸ ਸਕੀਮ ਵਿੱਚ ਦਿੱਤੀ ਜਾਣ ਵਾਲੀ ਸਬਸਿਡੀ ਦਾ ਵੇਰਵਾ ਨਿਮਨ ਅਨੁਸਾਰ ਹੈ :-

ਸਵਰਨ ਜੈਯੰਤੀ ਗ੍ਰਾਮ ਸਵੈ-ਰੋਜ਼ਗਾਰ ਯੋਜਨਾ (ਐਸ.ਜੀ.ਐਸ.ਵਾਈ.)

ਪਾਤਰਤਾ :- ਇਸ ਪ੍ਰੋਗਰਾਮ ਅਧੀਨ ਪੇਂਡੂ ਇਲਾਕਿਆਂ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰ ਕਵਰ ਕੀਤੇ ਜਾਂਦੇ ਹਨ । ਇਹ ਟੀਚਾ ਗਰੁੱਪ ਦੇ ਵਿੱਚ ਵਿੱਚ, 50% ਸਹਾਇਤਾ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ 40% ਮਹਿਲਾਵਾਂ ਨੂੰ ਅਤੇ 3% ਅਪੰਗ ਵਿਅਕਤੀਆਂ ਨੂੰ ਮੁਹੱਈਆ ਕਰਵਾਈ ਜਾਵੇਗੀ ।

ਮੰਤਵ:- ਸਵਰਨਜੈਯੰਤੀ ਗ੍ਰਾਮ ਸਵੈ-ਰੋਜਗਾਰ ਯੋਜਨਾ (ਐਸ.ਜੀ.ਐਸ.ਵਾਈ) ਦਾ ਮੰਤਵ ਪੇਂਡੂ ਗਰੀਬਾਂ ਨੂੰ ਗੁਜ਼ਾਰੇ ਲਾਇਕ ਆਮਦਨ ਮੁਹੱਈਆ ਕਰਾਉਣਾ ਹੈ । ਇਸ ਪ੍ਰੋਗਰਾਮ ਦਾ ਟੀਚਾ ਗਰੀਬਾਂ ਦੀ ਸਮੱਰਥਾ ਨੂੰ ਇਸਤੇਮਾਲ ਕਰਕੇ ਪੇਂਡੂ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਛੋਟੇ ਉਦਮ (ਸੁਖਮ ਇਕਾਈਆਂ) ਸਥਾਪਿਤ ਕਰਨ ਦਾ ਹੈ ।

ਫੰਡ ਜੁਟਾਉਣਾ :- ਐਸ.ਜੀ.ਐਸ. ਵਾਈ ਇਕ ਕੇਂਦਰੀ ਪ੍ਰਾਯੋਜਿਤ ਸਕੀਮ ਹੈ ਅਤੇ ਇਸ ਲਈ ਕੇਂਦਰ ਅਤੇ ਰਾਜ ਸਰਕਾਰ ਦੁਆਰਾ 75.25 ਦੇ ਅਨੁਪਾਤ ਵਿੱਚ ਹਿੱਸਾਦਾਰੀ ਕਰਕੇ ਫੰਡ ਜੁਟਾਏ ਜਾਂਦੇ ਹਨ:-

ਹਾਲਾਂ ਕਿ ਉਪਰੋਕਤ ਜਾਣਕਾਰੀ ਨੂੰ ਪ੍ਰਕਾਸ਼ਿਤ ਕਰਦਿਆਂ ਉਚਿਤ ਸਾਵਧਾਨੀ ਵਰਤੀ ਗਈ ਹੈ ਫਿਰ ਅਣਜਾਣੇ ਵਿੱਚ ਹੋਈ ਕਿਸੇ ਵੀ ਗ਼ਲਤੀ ਲਈ ਵਿਭਾਗ ਜ਼ਿੰਮੇਵਾਰ ਨਹੀਂ ਹੋਵੇਗਾ ।

-----------